12 ਜੂਨ 2020

**ਪਿਆਰੇ ਦੋਸਤੋ ਅਤੇ ਗੁਆਂਢੀਓ,**




ਤੁਹਾਨੂੰ Durham ਰੀਜਨ ਵਿੱਚ ਅਤੇ Lakeridge Health ਵਿੱਚ COVID-19 ਦੇ ਵਿਰੁੱਧ ਲੜਾਈ ਬਾਰੇ ਤਾਜ਼ਾ ਜਾਣਕਾਰੀ ਦਿੰਦੇ ਹੋਏ ਸਾਨੂੰ ਖੁਸ਼ੀ ਹੋ ਰਹੀ ਹੈ।

ਹਾਲਾਂਕਿ ਪਿਛਲੇ ਪੰਜ ਹਫ਼ਤਿਆਂ ਦੌਰਾਨ ਪੂਰੇ Ontario ਵਿੱਚ ਹਸਪਤਾਲ ਵਿੱਚ ਦਾਖਲ ਹੋਣ ਦੀ ਦਰ ਘੱਟ ਗਈ ਹੈ, ਪਰ Durham ਵਿੱਚ ਇਹ ਸਥਿਰ ਹੋ ਗਈ ਹੈ। ਇਸਦਾ ਅਰਥ ਹੈ ਕਿ ਸਾਨੂੰ ਸਾਰਿਆਂ ਨੂੰ ਆਪਣੇ-ਆਪ ਨੂੰ, ਆਪਣੇ ਸਹਿਕਰਮੀਆਂ, ਆਪਣੇ ਮਿੱਤਰਾਂ ਅਤੇ ਆਪਣੇ ਪਰਿਵਾਰਾਂ ਨੂੰ ਸੁਰੱਖਿਅਤ ਰੱਖਣ ਲਈ ਸਾਰੀਆਂ ਮੁਢਲੀਆਂ ਸਾਵਧਾਨੀਆਂ ਨੂੰ ਜਾਰੀ ਰੱਖਣ ਦੀ ਲੋੜ ਹੈ। ਸੰਖਿਆਵਾਂ ਨੂੰ ਲਗਾਤਾਰ ਘਟਦੇ ਹੋਏ ਵੇਖਣ ਵਾਸਤੇ ਇਹ ਨਿਰੰਤਰ ਸਮੂਹਿਕ ਕੋਸ਼ਿਸ਼ ਇੱਕ ਜ਼ਰੂਰੀ ਹਿੱਸਾ ਹੈ ਤਾਂ ਜੋ ਅਸੀਂ ਅਰਥ-ਵਿਵਸਥਾ ਅਤੇ ਸਾਡੇ ਭਾਈਚਾਰੇ ਨੂੰ ਖੋਲ੍ਹਣਾ ਅਤੇ ਹਸਪਤਾਲ ਵਿੱਚ ਸੇਵਾਵਾਂ ਨੂੰ ਵਧਾਉਣਾ ਜਾਰੀ ਰੱਖ ਸਕੀਏ।

## ਓਨਟਾਰੀਓ ਦੀਆਂ ਨਵੀਆਂ ਰਣਨੀਤੀਆਂ

ਪਿਛਲੇ ਕੁਝ ਹਫ਼ਤਿਆਂ ਵਿੱਚ, Ontario ਸਰਕਾਰ ਨੇ COVID-19 ਨੂੰ ਰੋਕਣ ਲਈ ਨਵੀਆਂ ਰਣਨੀਤੀਆਂ ਦਾ ਐਲਾਨ ਕੀਤਾ।

ਸਭ ਤੋਂ ਪਹਿਲਾਂ, Ontario ਆਪਣੀ ਟੈਸਟ ਕਰਨ ਦੀ ਰਣਨੀਤੀ ਦਾ ਵਿਸਤਾਰ ਕਰ ਰਿਹਾ ਹੈ। ਟੈਸਟਿੰਗ ਦੇ ਨਾਲ-ਨਾਲ ਤੀਬਰ ਸੰਪਰਕ ਟ੍ਰੇਸਿੰਗ ਰਾਹੀਂ ਅਸੀਂ "ਹੌਟ-ਸਪੌਟਾਂ" ਨੂੰ ਲੱਭ ਸਕਾਂਗੇ – ਜਿਵੇਂ ਕਿ ਸਥਾਨਕ ਖੇਤਰ, ਆਂਢ-ਗੁਆਂਢ, ਕੰਮ ਕਰਨ ਵਾਲੀਆਂ ਥਾਵਾਂ ਜਾਂ ਲੰਬੇ ਸਮੇਂ ਦੀ ਦੇਖਭਾਲ ਵਾਲੇ ਹੋਮ - ਤਾਂ ਜੋ ਲਾਗ ਦੇ ਫੈਲਣ ਨੂੰ ਤੁਰੰਤ ਸੀਮਿਤ ਕੀਤਾ ਜਾ ਸਕੇ।

ਦੂਜਾ, ਸੂਬਾ ਮੁੜ ਖੋਲ੍ਹਣ ਲਈ ਖੇਤਰੀ ਪਹੁੰਚ ਅਪਣਾ ਰਿਹਾ ਹੈ। ਇਸ ਸਮੇਂ, ਮੰਨਿਆ ਜਾਂਦਾ ਹੈ ਕਿ 75 ਪ੍ਰਤਿਸ਼ਤ ਕਿਰਿਆਸ਼ੀਲ ਮਾਮਲੇ GTA ਵਿੱਚ ਹਨ ਅਤੇ ਸੂਬੇ ਦੇ ਹੋਰ ਖੇਤਰਾਂ ਵਿੱਚ ਹਾਲ ਹੀ ਦੇ ਹਫ਼ਤਿਆਂ ਵਿੱਚ ਬਹੁਤ ਘੱਟ ਮਾਮਲੇ ਸਾਹਮਣੇ ਆਏ ਹਨ ਜਾਂ ਕੋਈ ਨਵਾਂ ਮਾਮਲਾ ਸਾਹਮਣੇ ਨਹੀਂ ਆਇਆ ਹੈ।

Durham ਵਿੱਚ COVID-19 ਗਤੀਵਿਧੀ 'ਤੇ ਪ੍ਰਤਿਕਿਰਿਆ ਕਰਦੇ ਹੋਏ, Lakeridge Health ਡਰਹਮ ਰੀਜਨ ਸਿਹਤ ਵਿਭਾਗ (DRHD) ਦੇ ਨਾਲ ਕੰਮ ਕਰ ਰਿਹਾ ਹੈ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਅਸੀਂ ਟੈਸਟਿੰਗ ਅਤੇ ਕੇਸ ਲੱਭਣ ਪ੍ਰਤੀ ਸਾਡੀ ਪਹੁੰਚ ਨੂੰ ਹੋਰ ਅਨੁਕੂਲ ਬਣਾਈਏ। ਸੰਪਰਕ ਟ੍ਰੇਸਿੰਗ ਕਰਨ ਲਈ ਜਨਤਕ ਸਿਹਤ ਦੇ ਕੋਲ ਇੱਕ ਟੀਮ ਹੈ।

**Durham ਰੀਜਨ ਵਿੱਚ ਬਿਹਤਰ ਬਣਾਈ ਗਈ ਟੈਸਟਿੰਗ ਰਣਨੀਤੀ ਦੇ ਨਤੀਜੇ ਵਜੋਂ ਟੈਸਟਿੰਗ ਨੂੰ ਵਧਾਇਆ ਗਿਆ**

ਵਾਇਰਸ 'ਤੇ ਹੋਰ ਨਿਯੰਤ੍ਰਣ ਹਾਸਲ ਕਰਨ ਲਈ, ਉਸ ਹਰੇਕ ਵਿਅਕਤੀ, ਜਿਸ ਨੂੰ COVID-19 ਦਾ *ਕੋਈ ਵੀ* ਲੱਛਣ ਹੈ, ਨੂੰ ਜਾਂਚ ਕਰਵਾਉਣੀ *ਚਾਹੀਦੀ ਹੈ* ਲੱਛਣਾਂ ਦੀ ਸੂਚੀ Lakeridge Health's ਦੀ ਵੈੱਬਸਾਈਟ 'ਤੇ COVID-19 symptoms - June 2 'ਤੇ ਉਪਲਬਧ ਹੈ। ਕੋਈ ਵੀ ਵਿਅਕਤੀ ਜਿਸ ਨੂੰ ਇਹ ਲੱਗਦਾ ਹੈ ਕਿ ਉਹ COVID-19 ਵਾਲੇ ਲੋਕਾਂ ਦੇ ਸੰਪਰਕ ਵਿੱਚ ਆਇਆ ਹੋ ਸਕਦਾ ਹੈ, ਨੂੰ ਜਾਂਚ ਕਰਵਾਉਣੀ ਚਾਹੀਦੀ ਹੈ। ਟੈਸਟ ਉਸ ਕਿਸੇ ਵੀ ਵਿਅਕਤੀ ਦੇ ਲਈ ਵੀ ਉਪਲਬਧ ਹੈ ਜੋ ਟੈਸਟ ਕਰਵਾਉਣਾ ਚਾਹੁੰਦਾ ਹੈ।

25 ਮਈ ਦੇ ਬਾਅਦ ਤੋਂ, **ਸਾਡੇ ਮੁਲਾਂਕਣ ਕੇਂਦਰਾਂ ਵਿੱਚ ਕੀਤੇ ਜਾਂਦੇ ਰੋਜ਼ਾਨਾ ਸਵੈਬਾਂ ਦੀ ਗਿਣਤੀ ਬਹੁਤ ਜ਼ਿਆਦਾ ਵਧੀ ਹੈ।** ਵੱਧਦੀ ਮੰਗ ਨੂੰ ਪੂਰਾ ਕਰਨ ਲਈ, ਅਸੀਂ ਕੇਂਦਰਾਂ ਦਾ ਕੰਮ ਕਰਨ ਦਾ ਸਮਾਂ ਵਧਾ ਦਿੱਤਾ ਹੈ। ਫਿਲਹਾਲ, ਫਾਰਮ ਜਮ੍ਹਾ ਕਰਨ ਤੋਂ ਬਾਅਦ ਲੋਕਾਂ ਦਾ ਤਿੰਨ ਤੋਂ 24 ਘੰਟਿਆਂ ਦੇ ਵਿੱਚ ਟੈਸਟ ਕੀਤਾ ਜਾਂਦਾ ਹੈ, ਪਰ ਸੰਖਿਆਵਾਂ ਦੇ ਅਧਾਰ 'ਤੇ ਸਮਾਂ ਬਦਲਦਾ ਰਹਿੰਦਾ ਹੈ।

ਕੋਈ ਟੈਸਟ ਕਰਵਾਉਣ ਲਈ, ਆਨਲਾਈਨ ਫਾਰਮ ਭਰਨ ਵਾਸਤੇ covidswab.lh.ca 'ਤੇ ਜਾਓ ਅਤੇ ਤੁਹਾਡੀ ਅਪਾਇੰਟਮੈਂਟ ਲਈ ਹਦਾਇਤਾਂ ਆਪਣੇ-ਆਪ ਤੁਹਾਨੂੰ ਈਮੇਲ ਕਰ ਦਿੱਤੀਆਂ ਜਾਣਗੀਆਂ। ਜੇ ਤੁਹਾਡੇ ਕੋਲ ਕੰਪਿਊਟਰ ਜਾਂ WiFi ਨਹੀਂ ਹੈ, ਤਾਂ ਸਹਾਇਤਾ ਲਈ DRHD ਨਾਲ 1 800-841-2729 'ਤੇ ਸੰਪਰਕ ਕਰੋ। ਤੁਹਾਡੀ ਅਪਾਇੰਟਮੈਂਟ Ajax ਜਾਂ Oshawa ਵਿੱਚ ਕਿਸੇ COVID ਮੁਲਾਂਕਣ ਕੇਂਦਰ ਵਿੱਚ ਬੁੱਕ ਕੀਤੀ ਜਾਵੇਗੀ। ਅਜਿਹੇ ਕਿਸੇ ਵੀ ਵਿਅਕਤੀ ਜੋ ਗੰਭੀਰ ਰੂਪ ਵਿੱਚ ਬਿਮਾਰ ਹੈ ਜਾਂ ਡਾਕਟਰੀ ਪਰੇਸ਼ਾਨੀ ਵਿੱਚ ਹੈ, ਨੂੰ 911 'ਤੇ ਕਾਲ ਕਰਨੀ ਚਾਹੀਦੀ ਹੈ ਅਤੇ ਉਸਨੂੰ ਸਾਡੇ ਕਿਸੇ ਐਮਰਜੈਂਸੀ ਵਿਭਾਗ ਵਿੱਚ ਵੇਖਿਆ ਜਾਵੇਗਾ।

ਕਲੀਨਿਕਾਂ ਅਤੇ ਸਥਾਨਕ ਕਾਰੋਬਾਰਾਂ ਦੇ ਨਾਲ ਮਿਲ ਕੇ Lakeridge Health, DRHD ਟੈਸਟਾਂ ਨੂੰ ਵਧਾਉਣ ਦੇ ਵਿਕਲਪਾਂ 'ਤੇ ਸਰਗਰਮੀ ਨਾਲ ਵਿਚਾਰ ਰਿਹਾ ਹੈ ਜਿਨ੍ਹਾਂ ਵਿੱਚ Durham ਰੀਜਨ ਦੇ ਹੋਰ ਹਿੱਸਿਆਂ ਵਿੱਚ ਸਾਈਟਾਂ ਖੋਲ੍ਹਣਾ ਸ਼ਾਮਲ ਹੈ। ਵਧੇਰੇ ਜਾਣਕਾਰੀ ਲਈ ਜੁੜੇ ਰਹੋ।

**ਸਰਜਰੀਆਂ ਅਤੇ ਹੋਰ ਪ੍ਰਕਿਰਿਆਵਾਂ**

ਹਾਲਾਂਕਿ ਅਸੀਂ ਐਮਰਜੈਂਸੀ ਸਰਜਰੀ ਨੂੰ ਹਮੇਸ਼ਾਂ ਚਾਲੂ ਰੱਖਿਆ ਹੈ, ਅਤੇ ਤਰਜੀਹ ਵਾਲੀਆਂ ਕੈਂਸਰ ਅਤੇ ਗੈਰ-ਕੈਂਸਰ ਸਰਜਰੀਆਂ ਨੂੰ ਫਿਰ ਤੋਂ ਸ਼ੁਰੂ ਕਰ ਦਿੱਤਾ ਹੈ, ਅਸੀਂ ਕੁਝ ਚੋਣਵੀਆਂ ਸਰਜਰੀਆਂ ਨੂੰ ਦੁਬਾਰਾ ਸ਼ੁਰੂ ਕਰਨ ਦੀ ਵੀ ਯੋਜਨਾ ਬਣਾਉਣ ਵਿੱਚ ਵਿਅਸਤ ਰਹੇ ਹਾਂ। ਅਸੀਂ ਇਸ ਹਫ਼ਤੇ ਕੁਝ ਚੋਣਵੇਂ ਮਾਮਲਿਆਂ ਨਾਲ ਸ਼ੁਰੂਆਤ ਕੀਤੀ। ਇਸ ਵਿੱਚ ਨਿਰੰਤਰ ਵਾਧਾ ਲਾਜ਼ਮੀ ਤੌਰ 'ਤੇ ਅਗਲੇ ਕਈ ਮਹੀਨਿਆਂ ਵਿੱਚ ਸਾਵਧਾਨੀ ਨਾਲ ਕੀਤਾ ਜਾਣਾ ਚਾਹੀਦਾ ਹੈ। ਅਸੀਂ ਚੋਣਵੀਆਂ ਸਰਜਰੀਆਂ ਦੀ ਗਿਣਤੀ ਵਿੱਚ ਓਨੀ ਹੀ ਰਫ਼ਤਾਰ ਨਾਲ ਵਾਧਾ ਕਰਾਂਗੇ ਜਿੰਨਾ ਅਸੀਂ ਸੁਰੱਖਿਅਤ ਢੰਗ ਨਾਲ ਕਰ ਸਕਦੇ ਹਾਂ। ਹਾਲਾਂਕਿ, ਜੇ ਖੇਤਰ ਅਤੇ ਸਾਡੇ ਹਸਪਤਾਲਾਂ ਵਿੱਚ COVID-19 ਦੇ ਮਾਮਲੇ ਵਧਣੇ ਸ਼ੁਰੂ ਹੋ ਜਾਂਦੇ ਹਨ, ਤਾਂ ਸਾਨੂੰ ਇੱਕ ਵਾਰ ਫਿਰ ਮਜ਼ਬੂਰਨ ਸਰਜਰੀਆਂ ਨੂੰ ਘਟਾਉਣਾ ਪੈ ਸਕਦਾ ਹੈ।

**Orchard Villa ਵਿਖੇ ਫੈਲਾਅ ਨੂੰ ਕਾਬੂ ਕਰਨਾ**

Lakeridge Health ਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ Durham ਰੀਜਨ ਦੇ ਸਿਹਤ ਵਿਭਾਗ ਨੇ Orchard Villa

ਲੰਮੀ ਮਿਆਦ ਦੇ ਕੇਅਰ ਹੋਮ ਅਤੇ ਰਿਟਾਇਰਮੈਂਟ ਹੋਮ ਵਿਖੇ COVID-19 ਦੇ ਫੈਲਾਅ ਦੇ ਖਤਮ ਹੋਣ ਦਾ ਐਲਾਨ ਕੀਤਾ ਹੈ। ਪਿਛਲੇ ਦੋ ਹਫ਼ਤਿਆਂ ਵਿੱਚ, Orchard Villa ਵਿੱਚ ਕਿਸੇ ਨਵੇਂ ਪਾਜ਼ਿਟਿਵ ਮਾਮਲੇ ਦੀ ਪੁਸ਼ਟੀ ਨਹੀਂ ਹੋਈ ਹੈ। ਵਰਤਮਾਨ ਵਿੱਚ, 155 ਵਸਨੀਕ ਹਨ ਜੋ ਵਾਇਰਸ ਤੋਂ ਠੀਕ ਹੋਏ ਹਨ।

ਜਦੋਂ Lakeridge Health ਸੱਤ ਹਫ਼ਤੇ ਪਹਿਲਾਂ ਪ੍ਰਕੋਪ 'ਤੇ ਪ੍ਰਤਿਕਿਰਿਆ ਦੀ ਅਗਵਾਈ ਕਰਨ ਲਈ Orchard Villa ਵਿੱਚ ਗਿਆ ਸੀ, ਤਾਂ ਨਿਵਾਸ ਦੇ ਸਟਾਫ਼ ਅਤੇ ਕੈਨੇਡੀਅਨ ਆਰਮਡ ਫੋਰਸਿਜ਼ ਦੇ ਸਹਿਯੋਗ ਨਾਲ, ਅਸੀਂ ਫੈਲਾਅ ਨੂੰ ਕਾਬੂ ਕਰਨ ਲਈ ਤੁਰੰਤ ਕਾਰਵਾਈ ਕੀਤੀ ਅਤੇ ਨਿਵਾਸੀਆਂ ਨੂੰ ਸਭ ਤੋਂ ਵਧੀਆ ਸੰਭਵ ਦੇਖਭਾਲ ਮੁਹੱਈਆ ਕਰਨ ਲਈ ਸਹਾਇਤਾ ਸਥਾਪਿਤ ਕੀਤੀ। ਸਾਨੂੰ ਕੁਝ ਜ਼ਰੂਰੀ ਸੇਵਾਵਾਂ ਅਤੇ ਗਤੀਵਿਧੀਆਂ ਨੂੰ ਸੁਰੱਖਿਅਤ ਢੰਗ ਨਾਲ ਮੁੜ ਸ਼ੁਰੂ ਕਰਨ ਵਿੱਚ ਸਫਲਤਾ 'ਤੇ ਵੀ ਖੁਸ਼ੀ ਹੈ ਜੋ ਵਸਨੀਕਾਂ ਦੀ ਤੰਦਰੁਸਤੀ ਲਈ ਬਹੁਤ ਮਹੱਤਵਪੂਰਨ ਹਨ।

ਸਾਨੂੰ ਇਸ ਮਹੱਤਵਪੂਰਨ ਕੰਮ ਵਿੱਚ ਸਹਾਇਤਾ ਕਰਨ ਵਾਲੀ Lakeridge Health ਟੀਮ ਅਤੇ Orchard Villa ਦੇ ਸਟਾਫ਼ 'ਤੇ ਮਾਣ ਹੈ। ਆਉਣ ਵਾਲੇ ਹਫ਼ਤਿਆਂ ਵਿੱਚ, Lakeridge Health ਸਾਈਟ 'ਤੇ ਸਖ਼ਤ ਮਿਹਨਤ ਕਰ ਰਹੀ ਟੀਮ ਨੂੰ ਹੋਰ ਸਹਾਇਤਾ ਮੁਹੱਈਆ ਕਰਨ ਲਈ Orchard Villa ਦੇ ਪ੍ਰਬੰਧਨ ਵਿੱਚ ਵਧੇਰੇ ਸਰਗਰਮ ਭੂਮਿਕਾ ਨਿਭਾਏਗੀ।

**18 ਜੂਨ ਨੂੰ ਸਾਡੀ ਵਰਚੁਅਲ AGM ਵਿੱਚ ਸ਼ਾਮਲ ਹੋਵੋ!**

Lakeridge Health ਆਪਣੀ ਪਹਿਲੀ ਵਰਚੁਅਲ AGM **ਵੀਰਵਾਰ 18 ਨੂੰ 2020 ਨੂੰ ਸ਼ਾਮ 6:00 ਤੋਂ 7:00 ਵਜੇ** ਆਯੋਜਿਤ ਕਰ ਰਹੀ ਹੈ।

ਪਿਛਲੇ ਸਾਲ ਦੇ ਜ਼ਿਆਦਾਤਰ ਹਿੱਸੇ ਵਿੱਚ, Lakeridge Health ਦੀ ਪ੍ਰਤਿਭਾਸ਼ਾਲੀ ਟੀਮ ਨੇ Durham ਵਿੱਚ ਰਹਿ ਰਹੇ ਅਤੇ ਕੰਮ ਕਰ ਰਹੇ ਹਜ਼ਾਰਾਂ ਲੋਕਾਂ ਨੂੰ ਹਮਦਰਦੀ ਭਰੀ ਦੇਖਭਾਲ ਅਤੇ ਸੇਵਾਵਾਂ ਮੁਹੱਈਆ ਕੀਤੀਆਂ ਹਨ।

ਇਸ ਸਾਲ ਦੀ AGM ਜ਼ਰੂਰੀ ਕੰਮਾਂ 'ਤੇ ਧਿਆਨ ਕੇਂਦ੍ਰਿਤ ਕਰੇਗੀ ਜਿਵੇਂ ਕਿ ਟਰੱਸਟੀਆਂ ਦੀ ਚੋਣ ਕਰਨੀ, ਖਜ਼ਾਨਚੀ ਦੀ ਰਿਪੋਰਟ ਨੂੰ ਸਵੀਕਾਰ ਕਰਨਾ, ਆਡੀਟਰਾਂ ਨੂੰ ਨਿਯੁਕਤ ਕਰਨਾ ਅਤੇ Lakeridge Health ਅਤੇ Durham Mental Health Services ਵਿਚਕਾਰ ਪ੍ਰਸਤਾਵਿਤ ਸਵੈਇੱਛੁਕ ਏਕੀਕਰਣ, ਅਤੇ ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ, ਵਧੀਆ ਕੁਆਲਟੀ ਦੀ ਦੇਖਭਾਲ ਮੁਹੱਈਆ ਕਰਾਉਣ ਅਤੇ COVID-19 ਦਾ ਮੁਕਾਬਲਾ ਕਰਨ ਲਈ ਸਾਡੇ ਸਮੂਹਕ ਯਤਨਾਂ ਕਰਕੇ ਅਸੀਂ 2019/20 ਵਿੱਚ ਆਪਣੀਆਂ ਸ਼ਾਨਦਾਰ ਪ੍ਰਾਪਤੀਆਂ ਦਾ ਜਸ਼ਨ ਮਨਾਵਾਂਗੇ।

ਮੀਟਿੰਗ ਵਿੱਚ ਸ਼ਾਮਲ ਹੋਣ ਲਈ ਤੁਹਾਨੂੰ Chrome, Safari, Edge ਜਾਂ Firefox ਦੇ ਨਵੀਨਤਮ ਸੰਸਕਰਨ ਦੀ ਲੋੜ ਹੋਵੇਗੀ। **https://web.lumiagm.com/220546017 'ਤੇ ਲਾਈਵ ਕਨੈਕਟ ਕਰੋ**

COVID-19 ਮਹਾਮਾਰੀ ਪ੍ਰਤੀ ਸਾਡੀ ਪ੍ਰਤਿਕਿਰਿਆ ਨੂੰ ਵਧਾਉਣ ਲਈ 2020 ਦੇ ਅਰੰਭ ਵਿੱਚ ਸਾਡੀ ਸ਼ੁਰੂਆਤ ਤੋਂ ਲੈ ਕੇ, Lakeridge Health ਦੀ ਟੀਮ ਨੂੰ ਪੂਰੇ Durham ਰੀਜਨ ਵਿੱਚ ਹਰ ਕਿਸੇ ਤੋਂ ਮਿਲੀ ਬਿਨਾਂ ਸ਼ਰਤ ਸਹਾਇਤਾ ਕਰਕੇ ਮਜ਼ਬੂਤੀ ਮਿਲੀ ਹੈ।

ਜਿਸ ਵੇਲੇ ਅਸੀਂ ਇਸ ਅਣਜਾਣ ਖੇਤਰ ਨੂੰ ਮਿਲ ਕੇ ਪਾਰ ਕਰ ਰਹੇ ਹਾਂ, ਤੁਹਾਡੇ ਅਟੁੱਟ ਸਮਰਥਨ ਅਤੇ ਹਮਦਰਦੀ ਲਈ ਤੁਹਾਡਾ ਧੰਨਵਾਦ।

ਤੁਹਾਡੀ ਚੰਗੀ ਸਿਹਤ ਦੀ ਕਾਮਨਾ ਕਰਦੇ ਹੋਏ,

ਸੁਜ਼ਨ ਡੇਰਿਕ (Susan deRyk)
ਅੰਤਰਿਮ ਪ੍ਰੈਜ਼ੀਡੈਂਟ ਅਤੇ CEO

ਟੋਨੀ ਸਟੋਨ (Tony Stone)
ਚੀਫ਼ ਆਫ਼ ਸਟਾਫ਼